# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
## ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

---

ਵੱਲ:

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ), ਪੰਜਾਬ। (ਵੈਬ ਸਾਈਟ ਰਾਹੀਂ)
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਪੰਜਾਬ। (ਵੈਬ ਸਾਈਟ ਰਾਹੀਂ)

**ਮੀਮੋ ਨੰ:** ਸਸਅ/AIE-STR/2011-12/**75444-445**
**ਮਿੱਤੀ ਚੰਡੀਗੜ੍ਹ: 07/03/2012**

**ਵਿਸ਼ਾ: – ਸਾਲ 2011–12 ਦੌਰਾਨ ਗੈਰ ਰਿਹਾਇਸ਼ੀ (NR-ST) ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ (R-ST) ਕੇਂਦਰਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਰੈਗੂਲਰ ਸਰਕਾਰੀ ਸਕੂਲਾਂ ਵਿਚ ਦਾਖਲ (ਮੇਨਸਟਰੀਮ) ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।**

**1.0** ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਵਲੋਂ ਸਮੇਂ-ਸਮੇਂ ਤੇ ਪੂਰਵ ਜਾਰੀ ਕੀਤੇ ਪੱਤਰਾਂ ਅਤੇ ਮਹੀਨਾਵਾਰ ਰੀਵਿਊ ਮੀਟਿੰਗਾਂ ਦੋਰਾਨ ਹੋਏ ਫੈਸਲਿਆਂ ਦੀ ਲਗਾਤਾਰਤਾ ਵਿਚ।

**2.0** ਜਿਵੇਂ ਕਿ ਆਪ ਨੂੰ ਪਤਾ ਹੈ ਕਿ ਸਰਵ ਸਿੱਖਿਆ ਅਭਿਆਨ ਤਹਿਤ ਸਾਲ 2011–12 ਦੌਰਾਨ ਸਮੂਹ ਜ਼ਿਲ੍ਹਿਆਂ ਵਿਚ ਖੋਲ੍ਹੇ ਗਏ ਸਮੂਹ ਗੈਰ ਰਿਹਾਇਸ਼ੀ (NR-ST) ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ (R-ST) ਕੇਂਦਰ ਮਿਤੀ 31-03-2012 ਤੱਕ ਨਿਯਮਾਂ ਅਨੁਸਾਰ ਬੰਦ ਕਰ ਦਿੱਤੇ ਜਾਣਗੇ ਅਤੇ ਇਹਨਾਂ ਕੇਂਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ ਉਹਨਾਂ ਦੀ ਉਮਰ ਅਤੇ ਮਾਨਸਿਕ ਪੱਧਰ ਮੁਤਾਬਿਕ ਨੇੜੇ ਦੇ ਸਰਕਾਰੀ ਸਕੂਲਾਂ ਵਿਚ ਯੋਗ ਜਮਾਤ ਵਿਚ ਦਾਖਲ (ਮੇਨਸਟਰੀਮ) ਕਰਵਾਇਆ ਜਾਣਾ ਹੈ।

**3.0** ਇਸ ਸੰਬਧੀ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹੋਣਗੇ: –

**ੳ)** ਮੇਨਸਟਰੀਮ ਕਰਵਾਏ ਜਾਣ ਵਾਲੇ ਬੱਚਿਆਂ ਤੋਂ ਕੋਈ ਵੀ ਫੀਸ ਜਾ ਫੰਡ ਦੀ ਮੰਗ ਨਾ ਕੀਤੀ ਜਾਵੇ।

**ਅ)** ਇਹਨਾਂ ਬੱਚਿਆਂ ਦੀ ਉਮਰ ਸਬੰਧੀ ਕਿਸੇ ਵੀ ਮਾਤਾ–ਪਿਤਾ ਨੂੰ ਬੱਚੇ ਦਾ ਜਨਮ ਮਿਤੀ ਸਬੰਧੀ ਸਰਟੀਫੀਕੇਟ/ਹਲਫੀਆ ਬਿਆਨ ਦੇਣ ਲਈ ਮਜਬੂਰ ਨਾ ਕੀਤਾ ਜਾਵੇ। ਜੇਕਰ ਉਹ ਸਾਧਾਰਨ ਕਾਗਜ ਤੇ ਵੀ ਲਿਖ ਕੇ ਦੇ ਦੇਣ ਤਾਂ ਉਸ ਅਨੁਸਾਰ ਜਨਮ ਮਿਤੀ ਮੰਨ ਲਈ ਜਾਵੇ।

**ੲ)** ਸਮੂਹ ਗੈਰ ਰਿਹਾਇਸ਼ੀ (NR-ST) ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ (R-ST) ਕੇਂਦਰ ਵਿਚੋਂ ਸਰਕਾਰੀ ਸਕੂਲਾਂ ਵਿਚ ਦਾਖਲ (ਮੇਨਸਟਰੀਮ) ਕਰਵਾਏ ਬੱਚਿਆਂ ਦਾ ਮੁਕੰਮਲ ਬਿਊਰਾ ਨਾਲ ਨੱਥੀ ਪ੍ਰੋਫਾਰਮਾ ਅਨੁਲਗ – '**ੳ**' ਅਨੁਸਾਰ ਤਿਆਰ ਕੀਤਾ ਜਾਵੇ ਅਤੇ ਇਹ ਸਾਰਾ ਰਿਕਾਰਡ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦਫ਼ਤਰ ਤੇ ਇੱਕਤਰ ਕਰ ਲਿਆ ਜਾਵੇ। ਰਿਕਾਰਡ ਦੀ ਸਾਫਟ ਕਾਪੀ (ਈ–ਮੇਲ ਰਾਹੀਂ) ਮੁੱਖ ਦਫ਼ਤਰ ਨੂੰ ਭੇਜੀ ਜਾਵੇ।

**ਸ)** ਮੇਨਸਟਰੀਮ ਹੋਏ ਬਚਿਆਂ ਦੇ ਪੂਰੇ ਵੇਰਵੇ ਸਮੇਤ ਫੋਟੋਗ੍ਰਾਫ ਵੀ Child Tracking System (CTS) ਸਾਫਟਵੇਅਰ ਵਿਚ ਇੰਦਰਾਜ ਕਰਨਾ ਲਾਜ਼ਮੀ ਹੋਵੇਗਾ।

**ਹ)** ਸਾਲ 2011-12 ਦੋਰਾਨ ਜਾਂ ਫਿਰ ਮਿਤੀ 31-03-2012 ਤੋਂ ਬਾਅਦ ਜੇਕਰ ਕੋਈ ਵੀ ਬੱਚਾ ਰਾਜ ਜਾਂ ਪ੍ਰਾਂਤ ਵਿਚੋਂ ਪ੍ਰਵਾਸ ਕਰਕੇ ਕਿਸੇ ਹੋਰ ਰਾਜ ਵਿਚ ਚਲ੍ਹਾ ਗਿਆ/ਜਾਂਦਾ ਹੈ ਤਾਂ ਇਹਨਾਂ ਬੱਚਿਆਂ ਦਾ ਇੰਦਰਾਜ ਵੀ CTS ਵਿਚ ਕਰਨਾ ਲਾਜ਼ਮੀ ਹੋਵੇਗਾ। ਇਹਨਾਂ ਬੱਚਿਆਂ ਦਾ ਸਮੂਹ ਰਿਕਾਰਡ ਨੱਥੀ ਪ੍ਰੋਫਾਰਮਾ ਅਨੁਲਗ – '**ਅ**' ਅਨੁਸਾਰ ਤਿਆਰ ਕਰਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੇ ਦਫ਼ਤਰ ਵਿਖੇ ਇੱਕਤਰ ਕੀਤਾ ਜਾਵੇ ਤਾਂ ਜੋ ਇਹ ਸੂਚਨਾ ਮੁੱਖ ਦਫ਼ਤਰ ਨੂੰ ਲੋੜ ਪੈਣ ਤੇ ਉਪਲਬਧ ਕਰਵਾਈ ਜਾ ਸਕੇ ਅਤੇ ਸਮੂਹ ਪ੍ਰਵਾਸੀ ਬੱਚਿਆਂ ਬਾਰੇ ਸਬੰਧਤ ਰਾਜ ਸਰਕਾਰਾਂ ਨੂੰ ਵੀ ਸੂਚਿਤ ਕੀਤਾ ਜਾ ਸਕੇ।

**ਕ)** ਸਾਲ 2011-12 ਦੌਰਾਨ ਜੋ ਬੱਚੇ ਗੈਰ ਰਿਹਾਇਸ਼ੀ (NR-ST) ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ (R-ST) ਕੇਂਦਰਾਂ ਵਿਚ ਪੜ੍ਹਾਏ ਗਏ ਹਨ, ਉਹ ਨੇੜੇ ਲਗਦੇ ਸਰਕਾਰੀ ਸਕੂਲ ਵਿਚ ਦਾਖਲ ਹੋਣਗੇ ਅਤੇ ਨਿਯਮਤ ਰੂਪ ਵਿਚ ਹਰ ਰੋਜ਼ ਸਕੂਲ ਵਿਚ ਹਾਜ਼ਰ ਰਹਿਣਗੇ। ਇਹਨਾਂ ਬੱਚਿਆਂ ਨੂੰ ਮੇਨਸਟਰੀਮ/ਸਕੂਲਾਂ ਵਿਚ ਦਾਖਲ ਕਰਵਾਉਣ ਦਾ ਕੰਮ ਮਿੱਤੀ 31/04/2012 ਤੱਕ ਹਰ ਹਾਲਤ ਵਿਚ ਪੂਰਾ ਕਰ ਲਿਆ ਜਾਵੇ।

**ਖ)** ਮੇਨਸਟਰੀਮ ਹੋਏ ਬੱਚਿਆਂ ਦੀ ਘੱਟੋਂ-ਘੱਟ ਇੱਕ ਮਹੀਨਾਂ ਮੋਨਿਟਰਿੰਗ ਸਬੰਧਤ ਗੈਰ ਰਿਹਾਇਸ਼ੀ ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਰ ਵਲੋਂ ਕੀਤੀ ਜਾਵੇਗੀ। ਇਸ ਸਮੇਂ ਦੋਰਾਨ ਹਰੇਕ ਗੈਰ ਰਿਹਾਇਸ਼ੀ ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਰ ਨੂੰ 1000/- ਰੁ:, ਉੱਕਾ-ਪੁੱਕਾ ਮੇਹਨਤਾਨਾ ਸਪੈਸ਼ਲ ਟ੍ਰੇਨਿੰਗ ਮੱਦ ਵਿਚੋਂ ਦਿੱਤਾ ਜਾਵੇਗਾ।

**ਗ)** ਹਰੇਕ ਸਪੈਸ਼ਲ ਟ੍ਰੇਨਰ ਦਾ 25% ਮਿਹਨਤਾਨਾ ਜੋ ਕਿ ਵਿਭਾਗ ਵਲੋਂ ਸਕਿਊਰਟੀ ਵਜੋਂ ਰੱਖਿਆ ਗਿਆ ਹੈ, ਉਹ ਹਰੇਕ ਸਪੈਸ਼ਲ ਟ੍ਰੇਨਰ ਨੂੰ ਸਬੰਧਤ ਬੀ.ਆਰ.ਪੀਜ਼ ਵਲੋਂ ਮੇਨਸਟਰੀਮ ਹੋਏ ਬੱਚਿਆਂ ਦਾ ਭੋਤਿਕ ਨਿਰੀਖਣ ਕਰਨ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

**ਘ)** ਸਕੂਲ ਮੁੱਖੀ ਇਹਨਾਂ ਮੇਨਸਟਰੀਮ ਹੋਏ ਬੱਚਿਆਂ ਦੀ ਹਾਜ਼ਰੀ ਸੁਨਿਚਤ ਕਰੇਗਾ, ਜੇਕਰ ਕੋਈ ਬੱਚਾ ਸਕੂਲ ਨਹੀਂ ਆਉਂਦਾ ਤਾਂ, ਬੱਚਿਆਂ ਦੇ ਮਾਪਿਆਂ ਨਾਲ ਤਾਲ-ਮੇਲ ਕਰਕੇ, ਬੱਚੇ ਦੀ ਹਾਜ਼ਰੀ ਸਕੂਲ ਵਿਚ ਯਕੀਨੀ ਬਣਾਏਗਾ।

**ਚ)** ਇਹਨਾਂ ਬੱਚਿਆਂ ਨੂੰ ਕਲਾਸ ਦੇ ਬਾਕੀ ਬੱਚਿਆਂ ਦੇ ਨਾਲ ਹੀ ਪੜ੍ਹਾਇਆ ਜਾਵੇਗਾ। ਜੇਕਰ ਕਿਸੇ ਬੱਚੇ ਦਾ, ਕਿਸੇ ਖਾਸ ਵਿਸ਼ੇ ਵਿਚ ਮਾਨਸਕ ਪੱਧਰ ਉਪਯੁਕਤ ਨਹੀਂ ਹੈ, ਤਾਂ ਉਸ ਸੂਰਤ ਵਿਚ ਕਲਾਸ ਅਧਿਆਪਕ ਵਲੋਂ ਹੀ, ਉਸਨੂੰ ਵਿਸ਼ੇਸ਼ ਸਮਾਂ ਦੇ ਕੇ ਤਿਆਰੀ ਕਰਵਾਈ ਜਾਵੇਗੀ।

**ਛ)** ਸਮੂਹ ਸਕੂਲ ਮੁੱਖੀ, ਇਹ ਵਿਸ਼ੇਸ਼ ਤੌਰ ਤੇ ਯਕੀਨੀ ਬਣਾਉਣਗੇ ਕਿ ਅਜਿਹੇ ਮੇਨਸਟਰੀਮ ਹੋਏ ਬੱਚਿਆਂ ਨਾਲ, ਕਿਸੇ ਵੀ ਕਿਸਮ ਦਾ ਵਿਤਕਰਾ ਨਾ ਹੋਵੇ।

**ਜ)** ਗੈਰ ਰਿਹਾਇਸ਼ੀ ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰਾਂ ਰਾਹੀਂ ਕਵਰ ਕੀਤਾ ਗਿਆ ਬੱਚਾ ਕਿਸੇ ਵੀ ਸਮੇਂ ਸਕੂਲ ਵਿਚ ਦਾਖਲਾ ਲੈ ਸਕਦਾ ਹੈ।

**ਙ)** ਸਬੰਧਤ ਬੀ.ਪੀ.ਈ.ਓਜ਼ ਅਤੇ ਬੀ.ਆਰ.ਪੀਜ਼ ਵੀ ਸਮੇਂ-ਸਮੇਂ ਤੇ ਸਕੂਲ ਵਿਜ਼ਟ ਕਰਕੇ ਗੈਰ ਰਿਹਾਇਸ਼ੀ ਅਤੇ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰਾਂ ਰਾਹੀਂ ਕਵਰ ਕੀਤੇ ਗਏ ਬੱਚਿਆਂ ਦੀ ਮੇਨਸਟਰੀਮਿੰਗ ਸਬੰਧੀ ਰੈਗੂਲਰ ਮੋਨੀਟਰਿੰਗ ਕਰਨਗੇ ਅਤੇ ਇਸਦੀ ਰਿਪੋਰਟ ਆਪਣੇ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਨੂੰ ਪੇਸ਼ ਕਰਨਗੇ।

**ਚ)** ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵਲੋਂ ਸੂਚਨਾ ਮੁਕੰਮਲ ਕਰਕੇ ਮਹੀਨਾਵਾਰ ਰੀਵਿਊ ਮੀਟਿੰਗ ਵਿਚ ਲਿਆਉਣਾ ਜ਼ਰੂਰੀ ਹੋਵੇਗਾ।

**5.0** ਉੱਕਤ ਅਨੁਸਾਰ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ ਅਤੇ ਸਮੂਹ ਜ਼ਿ.ਸਿ.ਅ(ਸੈ.ਸਿ) ਤੇ ਜ਼ਿ.ਸਿ.ਅ(ਐ.ਸਿ) ਇਹ ਯਕੀਨੀ ਬਣਾਉਣ ਕਿ ਉੱਕਤ ਦਿਸ਼ਾ ਨਿਰਦੇਸ਼ ਹਰੇਕ ਸਕੂਲ ਮੁੱਖੀ ਤੱਕ ਪਹੁਚ ਜਾਣ।

-ਸਹੀ-
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿੱਠ ਅੰਕਣ ਨੰ:** ਸਸਅ/AIE-STR/2011-12/**75446-450** ਮਿਤੀ: **07/03/2012**

ਉਪਰੋਕਤ ਦਾ ਉਤਾਰਾ, ਹੇਠ ਲਿੱਖਿਆ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਂਦਾ ਹੈ।

1) ਡੀ.ਪੀ.ਆਈ (ਸੈ.ਸਿ), ਪੰਜਾਬ, ਚੰਡੀਗੜ੍ਹ।
2) ਡੀ.ਪੀ.ਆਈ (ਐ.ਸਿ), ਪੰਜਾਬ, ਚੰਡੀਗੜ੍ਹ।
3) ਸਮੂਹ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰਜ਼, ਪੰਜਾਬ।
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
5) ਡੀ.ਐਮ.(ਐਮ.ਆਈ.ਐਸ) ਨੂੰ ਉੱਕਤ ਪੱਤਰ ਵੈਬਸਾਇਟ ਤੇ ਪਾਉਣ ਹਿੱਤ।

-ਸਹੀ-
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**